# ਸਾਹਿਤ ਆਲੋਚਨਾ

ਸਾਹਿਤ ਆਲੋਚਨਾ ਸੰਬੰਧੀ ਚਰਚਾ ਕਰਨ ਤੋਂ ਪਹਿਲਾ ਇਹ ਜਾਣਨਾ ਜ਼ਰੂਰੀ ਹੈ ਕਿ ਸਾਹਿਤ ਕੀ ਹੈ?

ਸਾਹਿਤ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ Literature ਦਾ ਸਮਾਨਅਰਥੀ ਸ਼ਬਦ ਹੈ। ਸਾਹਿਤ ਦਾ ਸੰਬੰਧ ਸਾਹਿਤਕਾਰਾਂ ਦੀ ਸਾਹਿਤਕਾਰੀ ਤੋਂ ਹੈ। ਸਾਹਿਤ ਇਕ ਪ੍ਰਕਾਰ ਦਾ ਗਿਆਨ ਹੈ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਸਾਹਿਤਕ ਸੱਚ ਬਾਹਰਲੇ ਵਾਸਤਵਿਕ ਸੱਚ ਤੋਂ ਵੱਖਰਾ ਨਹੀਂ। ਸਾਹਿਤ ਰਚਨਾ ਇਕ ਜੀਵਨ ਦ੍ਰਿਸ਼ਟੀ ਪੇਸ਼ ਕਰਦੀ ਹੈ। ਇਹੋ ਇਸਦਾ ਸੱਚ ਮੰਨਿਆ ਜਾਂਦਾ ਹੈ। ਸਾਹਿਤ ਜੀਵਨ ਦੀ ਅਭਿਵਿਅਕਤੀ ਹੈ ਅਤੇ ਮਨੁੱਖੀ ਜੀਵਨ ਨਾਲ ਇਸਦਾ ਸਿੱਧਾ ਸੰਬੰਧ ਹੈ। ਸਾਹਿਤ ਵਿਚ ਵਿਅਕਤੀ ਅਤੇ ਵਿਅਕਤੀਗਤ ਜੀਵਨ ਦੇ ਨਾਲ-ਨਾਲ ਸਮੂਹਿਕ ਜੀਵਨ ਵੀ ਚਿਤਰਨ ਹੋਇਆ ਮਿਲਦਾ ਹੈ। ਇਸ ਲਈ ਸਮਾਜਕ ਮੂਲ ਪ੍ਰਵਿਰਤੀਆ ਦਾ ਸੰਬੰਧ ਸਾਹਿਤ ਦੀ ਮੂਲ ਪ੍ਰਵਿਰਤੀਆਂ ਨਾਲ ਹੈ।

ਸਾਹਿਤ ਦੋ ਸ਼ਬਦਾਂ ਸ + ਹਿੱਤ ਦੇ ਸੁਮੇਲ ਤੋਂ ਬਣਿਆ ਹੈ। ਸ ਦਾ ਅਰਥ ਹੈ ਸਾਰਿਆ ਨਾਲ ਅਤੇ ਹਿੱਤ ਦਾ ਅਰਥ ਹੈ ਪਿਆਰ, ਮੋਹਬਤ। ਸੋ ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਹਿਤ ਉਹ ਹੈ ਜੋ ਸਾਨੂੰ ਸਾਰਿਆਂ ਨਾਲ ਪਿਆਰ ਕਰਨਾ ਸਿਖਾਉਂਦਾ ਹੈ।

**According to Emerson,** [1]

"Literature is the record of the best thoughts."

**According to Matthew Arnold,** [2]

"The best that is thought and known in the

world is the nature of literature."

ਪਲੈਟੋ ਦਾ ਕਥਨ ਹੈ ਕਿ (3)

"ਸਾਹਿਤ ਨਕਲ ਦੀ ਨਕਲ ਹੈ।"

ਇਸ ਤੋਂ ਕਹਿਣ ਦਾ ਭਾਵ ਇਹ ਹੈ ਕਿ ਸਾਹਿਤ ਹਮੇਸ਼ਾ ਹੀ ਆਪਣੇ ਭੂਤਕਾਲ ਵਿਚੋਂ ਘਟਨਾ ਰੂਪ ਗ੍ਰਹਿਣ ਕਰਦਾ ਹੈ। ਸਾਹਿਤ ਸੰਸਕ੍ਰਿਤੀ ਸ਼ਬਦ ਸਾਹਿਤਯਮ ਦਾ ਪੰਜਾਬੀ ਰੂਪ ਹੈ। ਇਸਦੇ ਕੋਸ਼ਗਤ ਅਰਥ ਸੰਜੋਗ, ਮੇਲ, ਸਾਥ ਹਨ। ਪ੍ਰਾਚੀਨ ਸਮੇਂ ਤੋਂ ਹੀ ਸਾਹਿਤ ਦੇ ਤਿੰਨ ਲੱਛਣ ਮੰਨੇ ਗਏ ਹਨ: ਸਾਹਿਤ ਸੱਚ ਦਾ ਧਾਰਨੀ ਹੋਵੇ, ਜੀਵਨ ਲਈ ਕਲਿਆਣਕਾਰੀ ਹੋਵੇ ਅਤੇ ਸੁੰਦਰਤਾ ਦਾ ਪ੍ਰਕਾਸ਼ ਕਰੇ। ਸਾਹਿਤ ਦੇ ਇਨਾਂ ਲੱਛਣਾਂ ਨੂੰ ਹੀ ਸੱਤਯਮ, ਸ਼ਿਵੰ, ਸੁੰਦਰਮ ਦਾ ਨਾਮ ਦਿੱਤਾ ਗਿਆ ਹੈ।

ਆਲੋਚਕ ਤੇ ਸਾਹਿਤਕਾਰ

ਆਲੋਚਕਾਂ ਅਤੇ ਸਾਹਿਤਕਾਰਾਂ ਦਾ ਆਪਸ ਵਿਚ ਨੇੜੇ ਦਾ ਸੰਬੰਧ ਹੁੰਦਾ ਹੈ। ਆਲੋਚਨਾ ਸਾਹਿਤ ਨੂੰ ਆਧਾਰ ਬਣਾ ਕੇ ਹੀ ਕੀਤੀ ਜਾਂਦੀ ਹੈ। ਆਲੋਚਨਾ ਕਰਨ ਉਪਰੰਤ ਸਾਹਿਤਕਾਰ ਦਾ ਨਜ਼ਰੀਆ ਬਦਲ-੨ ਹੁੰਦਾ ਹੈ। ਆਲੋਚਕ ਸਾਹਿਤ ਦੀ ਇਕ ਕਿਸਮ ਦੀ ਵਿਆਖਿਆ ਕਰਕੇ ਉਸਨੂੰ ਕਿਸੇ ਤਰਤੀਬ ਵਿਚ ਪੇਸ਼ ਕਰਦਾ ਹੈ। ਸਾਹਿਤਕਾਰ ਜੋ ਵੀ ਕਿਰਤ ਪੇਸ਼ ਕਰਦਾ ਹੈ, ਆਲੋਚਕ ਉਸਨੂੰ ਇਕ ਸਮਾਜਿਕ ਅਸਲੀਅਤ ਵਾਂਗ ਦੇਖਦਾ ਹੈ। ਆਲੋਚਨਾਂ ਨੂੰ 18ਵੀਂ ਤੇ 19ਵੀਂ ਸਦੀ ਦਾ ਯੁੱਗ ਮੰਨਿਆ ਹੈ। ਪਰ ਇਸਨੂੰ 20ਵੀਂ ਸਦੀ ਨਾਲ ਵਧੇਰੇ ਜੋੜਿਆ ਜਾਂਦਾ ਹੈ।

Meaning of criticism

ਆਲੋਚਨਾ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ criticism ਦਾ ਪਰਿਆਇਵਾਚੀ ਹੈ। ਲਾਤੀਨੀ ਭਾਸ਼ਾ ਦੇ ਸ਼ਬਦ Criticus ਨਾਲ ਵੀ ਇਹ ਸੰਬੰਧਿਤ ਹੈ। ਆਲੋਚਨਾ ਨੂੰ ਪ੍ਰਭਾਸ਼ਿਤ ਕਰਦੇ ਹੋਏ ਤ੍ਰਗਾਇਤਨ ਕਹਿੰਦੇ ਹਨ ਕਿ, (4)

"ਆਲੋਚਨਾ ਤੋਂ ਭਾਵ ਪਰਖ
ਦਾ ਮਾਪਦੰਡ ਜਾਂ ਪਰਖ ਦੀ
ਕਸੌਟੀ ਤੋਂ ਹੈ।"

ਇਸੇ ਤਰ੍ਹਾਂ ਬਹੁਤ ਸਾਰੇ ਵਿਦਵਾਨਾਂ ਨੇ ਆਲੋਚਨਾ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। 'ਭਾਈ ਕਾਨ੍ਹ ਸਿੰਘ ਨਾਭਾ' ਨੇ ਮਹਾਨ ਕੋਸ਼ ਵਿੱਚ ਆਲੋਚਨਾ ਨੂੰ ਨਜ਼ਰਸਾਨੀ, ਜਾਂਚ-ਪੜਤਾਲ ਜਾਂ ਕਿਸੇ ਨਿਰਣੇ ਦਾ ਸਿੱਟਾ ਕਹਿਆ ਹੈ। ਸੋ ਆਲੋਚਨਾ ਸ਼ਬਦ ਦੀ ਥਾਂ ਵਿਵੇਚਨ, ਸਮੀਖਿਆ, ਮੁੱਲਅੰਕਣ ਆਦਿ ਸ਼ਬਦ ਵਰਤ ਲਏ ਜਾਂਦੇ ਹਨ। ਆਲੋਚਨਾ ਸ਼ਬਦ ਦੀ ਉਤਪਤੀ 'ਲੁਚ' ਧਾਤੂ ਤੋਂ ਹੋਈ ਮੰਨੀ ਜਾਂਦੀ ਹੈ। ਆਲੋਚਨਾ ਦਾ ਸ਼ਾਬਦਿਕ ਅਰਥ ਹੈ ਕਿਸੇ ਚੀਜ਼ ਨੂੰ ਧਿਆਨ ਨਾਲ ਦੇਖਣਾ, ਨੀਝ ਲਗਾ ਕੇ ਵੇਖਣਾ ਜਾਂ ਉਸ ਬਾਰੇ ਵਿਚਾਰ ਕਰਨਾ। ਵਿਹਾਰਿਕ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵਸਤੂ ਜਾਂ ਵਿਧਾ ਬਾਰੇ ਕੁਝ ਵਿਸ਼ੇਸ਼ ਆਧਾਰ ਤੋਂ ਵਿਚਾਰ ਕਰਨਾ ਹੀ ਆਲੋਚਨਾ ਹੈ।

ਹਰ ਸੂਝਵਾਨ ਵਿਅਕਤੀ ਆਪਣੀ ਨਿਵੇਕਲੀ ਦ੍ਰਿਸ਼ਟੀ ਜਾਂ ਸੂਝ ਕਾਰਨ ਸੁਭਾਵਕ ਹੀ ਆਲੋਚਕ ਹੁੰਦਾ ਹੈ।

ਨਾਰਥਰੋ ਫਰਾਈ ਅਨੁਸਾਰ, (5)

"ਆਲੋਚਨਾ ਇਕ ਸੁਤੰਤਰ ਪ੍ਰਕਾਰ
ਦਾ ਵਿਚਾਰ ਸੰਗਠਨ ਹੈ, ਜਿਸਦਾ
ਕੁਝ ਸੰਬੰਧ ਕਲਾਤਮਕ ਰਚਨਾ-ਕਾਲ
ਨਾਲ ਵੀ ਹੁੰਦਾ ਹੈ।"

ਸਾਹਿਤ ਤੇ ਆਲੋਚਨਾ ਦਾ ਆਪਸੀ ਸੰਬੰਧ

ਸਾਹਿਤ ਅਤੇ ਆਲੋਚਨਾ ਦਾ ਆਪਸੀ ਸੰਬੰਧ ਬਹੁਤ ਗਹਿਰਾ ਹੈ। ਆਲੋਚਨਾ ਦਾ ਘੇਰਾ ਉਨਾਂ ਹੀ ਵਿਸ਼ਾਲ ਹੁੰਦਾ ਹੈ ਜਿਨਾਂ ਕਿ ਸਾਹਿਤ ਦਾ। ਆਲੋਚਨਾ ਸਾਹਿਤ ਦੀ ਉਪਯੋਗਤਾ ਇਸੇ ਵਿੱਚ ਹੈ ਕਿ ਉਹ ਪਾਠਕ ਦੇ ਅੰਦਰ ਮਨ ਵਿਚ ਸਾਹਿਤ ਦੇ ਪ੍ਰਤੀ ਉਤਸੁਕਤਾ ਦੀ ਭਾਵਨਾ ਪੈਦਾ ਕਰੇ। ਆਲੋਚਨਾ ਦਾ ਕੰਮ ਸਤਿ ਅਤੇ ਅਸਤਿ ਦਾ ਵਿਸ਼ਲੇਸ਼ਣ ਕਰਨਾ ਹੈ।

According to George Thon, (6)

"Criticism has usely been defined in terms of its function and functions."

(ਸਿਪਲੇ) ਆਲੋਚਨਾ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ, ਉਹ ਆਲੋਚਨਾ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ, (7) ਸ਼ਿਪਲੇ ਦੇ ਅਨੁਸਾਰ,

> "ਆਲੋਚਨਾ ਤੋਂ ਭਾਵ ਕਿਸੇ ਕਲਾ ਕ੍ਰਿਤੀ ਦੀ ਪ੍ਰਚਲਿਤ ਸੁਹਜਵਾਦੀ, ਵਿਚਾਰਾਂ ਜਾਂ ਆਲੋਚਕ ਦੇ ਨਿੱਜੀ ਸੁਭਾਅ ਅਨੁਸਾਰ ਸੁਚੇਤ ਪ੍ਰਸੰਸਾ ਕਰਨੀ ਜਾਂ ਸਾਹਿਤਕ ਮੁੱਲ ਪਾਉਣਾ ਹੈ ਅਤੇ ਆਲੋਚਕ ਉਹ ਹੁੰਦਾ ਹੈ ਜੋ ਕਦਰਾਂ-ਕੀਮਤਾਂ ਦਾ ਪਾਰਖੂ ਹੋਵੇ।"

(ਆਲੋਚਕ ਨੂੰ ਆਲੋਚਨਾ ਕਰਨ ਲੱਗਿਆਂ ਸੁਚੇਤ ਰਹਿਣਾ ਪੈਂਦਾ)

ਕਲਾ ਦੇ ਰੂਪ ਵਿਚ — ਆਲੋਚਨਾ ਇਕ ਚੇਤੰਨ ਕਲਾ ਹੈ। ਸਾਹਿਤ ਆਲੋਚਨਾ ਕਰਨ ਲੱਗਿਆਂ ਆਲੋਚਕ ਨੂੰ ਸੁਚੇਤ ਰਹਿਣਾ ਪੈਂਦਾ ਹੈ। ਇਕ ਆਲੋਚਕ ਜਿਹੜਾ ਨਿਰਣਾ ਕਰਦਾ ਹੈ ਉਹ ਆਪਣੀ ਮਨਮਰਜ਼ੀ ਦਾ ਹੀ ਨਹੀਂ ਹੁੰਦਾ, ਸਗੋਂ ਉਸਦਾ ਆਧਾਰ ਵੀ ਕੁਝ ਇਕ ਪ੍ਰਮਾਣ ਹੁੰਦੇ ਹਨ।

## ਵਿਕਟਰ ਹਿਊਗੋ ਦੇ ਅਨੁਸਾਰ (8)

"ਆਲੋਚਨਾ ਕਿਸੇ ਸਾਹਿਤਕ
ਰਚਨਾ ਦੇ ਚੰਗੀ ਜਾਂ ਮਾੜੀ
ਹੋਣ ਦਾ ਨਿਰਣਾ ਹੈ।"

ਆਲੋਚਕ ਦਾ ਕਾਰਜ

ਆਲੋਚਕ ਆਪਣੀ ਆਲੋਚਨਾ ਦੁਆਰਾ ਕਿਸੇ ਰਚਨਾ ਦੀ ਧੁੰਦਲੀ ਤਸਵੀਰ ਨੂੰ ਸਾਫ ਕਰਨ ਦਾ ਯਤਨ ਕਰਦਾ ਹੈ। ਆਲੋਚਕ ਇਹ ਦੇਖਦਾ ਹੈ ਅਤੇ ਫੈਸਲਾ ਕਰਦਾ ਹੈ ਕਿ ਕਥਾ, ਘਟਨਾਵਾਂ ਅਤੇ ਪਾਤਰ ਅਸਲੀਅਤ ਹਨ। ਆਲੋਚਕ ਸਾਹਿਤਕਾਰ ਦੇ ਖਿਲਾਫ ਇਹ ਇਤਰਾਜ਼ ਕਰ ਸਕਦਾ ਹੈ ਕਿ ਉਸਨੇ ਜੋ ਕੁਝ ਪੇਸ਼ ਕੀਤਾ ਹੈ, ਉਹ ਵਫਾਦਾਰੀ ਨਾਲ ਕਿਉਂ ਕੀਤਾ ਹੈ/ਨਹੀਂ। ਆਲੋਚਨਾ ਹੋਂਦ ਵਿਚ ਵੀ ਉਦੋਂ ਆਉਂਦੀ ਹੈ ਜਦੋਂ ਉਹ ਸਾਹਿਤਕ ਰੂਪ ਵਿਚ ਵਿਕਸਿਤ ਹੋ ਚੁੱਕੀ ਹੋਵੇ। ਬਿਨਾਂ ਪੱਖਪਾਤ ਤੋਂ ਕੀਤੀ ਗਈ ਆਲੋਚਨਾ ਸਾਹਿਤ ਦੇ ਰੂਪ ਨੂੰ ਨਿਖਾਰਦੀ ਹੈ।

## ਡਾ. ਹਰਭਜਨ ਸਿੰਘ ਅਨੁਸਾਰ (9)

"ਆਲੋਚਨਾ ਸੁਚੇਤ ਕਰਮ ਹੈ ਅਤੇ
ਕੋਈ ਹੈਰਾਨੀ ਨਹੀਂ ਕਿ ਆਲੋਚਕ
ਜੀਵਨ ਦੀ ਅਗ੍ਰ-ਪ੍ਰਵਾਹੀ ਤੋਰ
ਨੂੰ ਚੇਤੰਨ ਯਤਨ ਨਾਲ ਤਿੱਖਾ
ਕਰਨਾ ਲੋਚਦਾ ਹੈ ਅਤੇ ਇਸ
ਕਾਰਜ ਵਿਚ ਸਾਹਿਤ ਨੂੰ ਵਸੀਲਾ
ਬਣਾ ਕੇ ਵਰਤਣਾ ਚਾਹੁੰਦਾ ਹੈ।"

ਚੰਗੀ ਆਲੋਚਨਾ ਸਾਹਿਤ ਵਿਚ ਪ੍ਰਵੇਸ਼ ਕਰ ਰਹੀਆਂ ਮਾੜੀਆਂ ਰੁਚੀਆਂ ਤੋਂ ਉਸਨੂੰ ਬਚਾਉਂਦੀ ਹੈ ਅਤੇ ਸਾਹਿਤ ਵਿਚਲੇ ਰਾਜ਼ ਰਹੱਸ ਨੂੰ ਪਾਠਕਾਂ ਸਾਹਮਣੇ ਨੰਗਿਆਂ ਕਰਦੀ ਹੈ। ਆਲੋਚਨਾ ਪਾਠਕਾਂ ਅਤੇ ਸਾਹਿਤਕਾਰ ਵਿਚਕਾਰ ਇਕ ਕੜੀ ਦਾ ਕੰਮ ਕਰਦੀ ਹੈ।

ਆਲੋਚਕ ਦਾ ਕੰਮ ਸਾਹਿਤਕ ਕਿਰਤ ਵਿਚ ਢੁਕੇ ਹੋਏ ਅਰਥਾਂ ਦੀ ਵਿਆਖਿਆ ਕਰਨਾ ਹੈ। ਆਲੋਚਨਾ ਸਾਹਿਤ ਨੂੰ ਅੱਗੇ ਲਿਜਾਣ ਵਿਚ ਬੜੀ ਸਹਾਇਕ ਸਿੱਧ ਹੁੰਦੀ ਹੈ। ਆਲੋਚਕ ਦਾ ਕੰਮ ਹੀ ਸਾਹਿਤਕ ਕਿਰਤ ਨੂੰ ਵਿਚਾਰਨਾ ਹੈ ਅਤੇ ਅਸਲੀਅਤ ਨੂੰ ਪੇਸ਼ ਕਰਨਾ ਹੈ। ਆਲੋਚਕ ਆਲੋਚਨਾ ਰਾਹੀਂ ਸਾਹਿਤਕਾਰ ਨੂੰ ਕੁਝ ਵਧੀਆ ਕਰਨ ਦੀ ਪ੍ਰੇਰਨਾ ਦਿੰਦਾ ਹੈ। ਆਲੋਚਕ ਆਲੋਚਨਾ ਕਰਨ ਲੱਗਿਆਂ ਵਸਤੂ ਤੇ ਰੂਪ ਦੇ ਨੁਕਤਿਆਂ ਨੂੰ ਪਰਖਦਾ ਹੈ। ਆਲੋਚਨਾ ਸਾਹਿਤਕਾਰ ਨੂੰ ਸਮੇਂ ਦੇ ਅਨੁਕੂਲ ਚੱਲਣ ਵਾਸਤੇ ਮਜਬੂਰ ਕਰਦੀ ਹੈ।
ਡੀ. ਐੱਚ. ਲਾਰੰਸ ਦਾ ਕਥਨ ਹੈ ਕਿ, (10)

> "ਸਾਹਿਤ ਆਲੋਚਨਾ ਆਲੋਚਕ ਦੇ
> ਉਨਾਂ ਟੁੰਬੇ ਹੋਏ ਜਜ਼ਬਿਆਂ ਦੇ
> ਦਲੀਲ ਭਰਪੂਰ ਵੇਰਵੇ ਤੋਂ
> ਇਲਾਵਾ ਹੋਰ ਕੁਝ ਨਹੀਂ, ਜਿਹੜੇ
> ਜਜ਼ਬੇ ਆਲੋਚਨਾ ਅਧੀਨ ਕਲਾ
> ਕਿਰਤ ਨੇ ਆਲੋਚਕ ਦੇ ਦਿਲ
> ਦਿਮਾਗ ਵਿਚ ਪੈਦਾ ਕੀਤੇ ਹਨ।"

ਆਲੋਚਨਾ ਇਕ ਅਜਿਹੀ ਸ਼ਕਤੀ ਹੈ ਜਿਹੜੀ ਕਿ ਸਾਹਿਤਕਾਰ ਨੂੰ ਮਜਬੂਰ ਕਰਦੀ ਹੈ ਕਿ ਕਲਾ ਕਿਰਤ ਨੂੰ ਉੱਚੇ ਪੱਧਰ ਤੇ ਲਿਜਾਉਣ ਲਈ ਉਤਸ਼ਾਹ ਦਿੰਦੀ ਹੈ। ਚੰਗੀ ਆਲੋਚਨਾ ਕਰਨ ਵਾਲੇ ਆਲੋਚਕ ਨੂੰ ਸਮੇਂ ਦੀ ਵਿਗਿਆਨਕਤਾ ਦੇ ਪਦਾਰਥਕ ਪਹਿਲੂ ਨੂੰ ਸਮਝਣਾ ਚਾਹੀਦਾ ਹੈ। ਅਧਿਐਨ ਦੀ ਇਕ ਹੋਰ ਵੰਨਗੀ ਵੇਖਣ ਵਿਚ ਆਉਂਦੀ ਹੈ ਉਹ ਰੂਪੀ ਹੈ: ਸਤਰੰਗੀ ਆਲੋਚਨਾ ਅਤੇ ਬਹੁਰੰਗੀ ਆਲੋਚਨਾ!

ਅੰਤਰੰਗੀ

ਅੰਤਰੰਗ ਆਲੋਚਨਾ ਉਹ ਹੁੰਦੀ ਹੈ ਜੋ ਪੂਰਨ ਤੌਰ ਤੇ ਰਚਨਾ ਉਪਰ ਆਧਾਰਿਤ ਹੁੰਦੀ ਹੈ ਅਤੇ ਬਹਿਰੰਗ ਆਲੋਚਨਾ ਦਾ ਸੰਬੰਧ ਰਚਨਾਕਾਰ ਦੀ ਮਾਨਸਿਕਤਾ ਜਾਂ ਕਿਸੇ ਹੋਰ ਰਚਨਾ ਬਾਰੇ ਸੰਦਰਭ ਨਾਲ ਵੀ ਜੋੜਿਆ ਜਾਂਦਾ ਹੈ।

ਪ੍ਰਮਾਣਿਕ ਆਲੋਚਨਾ ਸਾਬਤ ਕਰਨ ਲਈ ਅੰਤਰੰਗ ਤੇ ਬਹਿਰੰਗ ਵਿਚਾਰ ਨਿਖੇੜਾ ਕਰਨ ਦੀ ਵੀ ਲੋੜ ਹੈ। 'ਰੈਨੇ ਵੈਲਿਕ' ਨੇ ਇਸ ਰੁਚੀ ਬਾਰੇ ਸੁਚੇਤ ਕਰਦਿਆਂ ਸਾਹਿਤ ਕਿਰਤ ਦੇ ਅਧਿਐਨ ਨੂੰ ਅੰਤਰੰਗ ਤੇ ਲੇਖਕ ਦੀ ਮਾਨਸਿਕਤਾ ਜਾਂ ਸਮਾਜ ਨਾਲੋਂ ਸੰਬੰਧਿਤ ਰਚਨਾ ਨੂੰ ਬਹਿਰੰਗ ਆਲੋਚਨਾ ਕਿਹਾ ਹੈ।

ਪ੍ਰਸਿੱਧ ਅੰਗਰੇਜ਼ ਆਲੋਚਕ 'ਜਾਨ ਮਿਲਟਨ' ਅਨੁਸਾਰ,(11)

> "ਆਲੋਚਨਾ ਸਾਹਿਤ ਦਾ ਉਹ ਅੰਗ ਹੈ ਜਿਸਦਾ ਮੰਤਵ ਭੂਤਕਾਲ ਦੇ ਮਹਾਨ ਕਲਾਕਾਰਾਂ ਦਾ ਵਿਸ਼ੇਸ਼ ਸਥਾਨ ਨਿਸ਼ਚਿਤ ਕਰਨਾ ਹੈ ਅਤੇ ਵਰਤਮਾਨ ਸਾਹਿਤ ਉਤਪਤੀ ਦੀ ਨਿਰਖ-ਪਰਖ ਕਰਨਾ ਹੈ।"

ਸਾਹਿਤ ਆਲੋਚਨਾ ਦਾ ਮਨੋਰਥ

ਸਮੁੱਚੇ ਤੌਰ ਤੇ ਸਾਹਿਤ ਆਲੋਚਨਾ ਦਾ ਮਨੋਰਥ ਤਿੰਨ ਪੱਖੀ ਹੈ। ਇਕ ਪਾਸੇ ਤਾਂ ਇਹ ਰਚਨਾਵਾਂ ਦਾ ਸਾਹਿਤਕ ਮੁੱਲ ਪਾਉਂਦੀ ਹੈ। ਦੂਸਰੇ ਪਾਸੇ ਪਾਠਕਾਂ ਦੇ ਮਨਾਂ ਵਿਚ ਸਾਹਿਤਕ ਸੂਝ ਤੇ ਨਰੋਏ ਸਾਹਿਤ ਦਾ ਸੁਆਦ ਉਪਜਾਉਂਦੀ ਹੈ। ਤੀਸਰੇ ਪਾਸੇ ਲੇਖਕ ਅਥਵਾ ਕਲਾਕਾਰ ਨੂੰ ਲੋੜੀਂਦੀ ਅਗਵਾਈ ਦਿੰਦੀ ਹੈ। ਇਸ ਲਈ ਆਲੋਚਨਾ ਦਾ ਆਧਾਰ ਆਲੋਚਕ ਦੇ ਨਿੱਜੀ ਸੁਆਦ ਅਤੇ

ਉਗਈਆਂ ਵਿਅਕਤੀਗਤ ਰੁਚੀਆਂ ਹਨ। ਆਲੋਚਨਾਂ ਦੇ ਜਨਮ ਦਾ ਅਸਲ ਕਾਰਨ ਹੀ ਸਾਹਿਤ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਇਹ ਕਹਿ ਸਕਦੇ ਹਾਂ ਕਿ ਭਾਵੇਂ ਕੁਝ ਵੀ ਹੋਵੇ, ਆਲੋਚਨਾਂ ਦਾ ਪ੍ਰਚਲਨ ਅਤਿਅੰਤ ਪ੍ਰਾਚੀਨ ਕਾਲ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਸਾਹਿਤ ਦੇ ਨਾਲ ਤੁਰਿਆ ਆ ਰਿਹਾ ਹੈ ਅਤੇ ਇਸ ਤਰ੍ਹਾਂ ਆਲੋਚਨਾਂ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਆਲੋਚਕ ਸਾਹਿਤ ਦੇ ਵੱਖ- ਵੱਖ ਰੂਪਾਂ ਵਿਚ ਅਭਿਵਿਅਕਤ ਮਾਨਵ ਜੀਵਨ ਦੀ ਵਿਆਖਿਆ ਕਰਦਾ ਹੈ। ਆਲੋਚਨਾ ਸਾਹਿਤ ਦੀ ਉਪਯੋਗਤਾ ਇਸ ਗੱਲ ਵਿਚ ਹੈ ਕਿ ਉਹ ਪਾਠਕ ਵਰਗ ਚ ਮੂਲ ਸਾਹਿਤ ਪ੍ਰਤੀ ਉਤਸੁਕਤਾ ਦੀ ਭਾਵਨਾ ਨੂੰ ਜਾਗਰੂਕ ਰਖੇ।

ਇਨਸਾਈਕਲੋ ਪੀਡੀਆ ਬ੍ਰਿਟੈਨਿਕਾ ਅਨੁਸਾਰ, (12)

> “ਆਲੋਚਨਾਂ ਦਾ ਅਸਰਥ ਸੂਖ਼ਮਈ ਚੀਜ਼ਾਂ ਦੇ ਗੁਣ-ਦੋਸ਼ਾਂ ਦੀ ਪਰਖ ਕਰਨਾ ਹੈ। ਚਾਹੇ ਇਹ ਪਰਖ ਸਾਹਿਤਕ ਖੇਤਰ ਵਿਚ ਹੋਵੇ, ਚਾਹੇ ਕੋਮਲ ਕਲਾਵਾਂ ਦੇ ਖੇਤਰ ਵਿਚ।”

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਆਲੋਚਕ ਭਾਵੇਂ ਅੱਡ- ਅੱਡ ਆਲੋਚਨਾਤਮਕ ਪ੍ਰਣਾਲੀਆਂ ਨੂੰ ਅਪਣਾ ਸਕਦੇ ਹਨ ਪਰੰਤੂ ਉਹ ਕਿਸੇ ਵਿਸ਼ੇਸ਼ ~~[illegible]~~ ਆਲੋਚਨਾ ਪ੍ਰਣਾਲੀ ਨੂੰ ਅਪਣਾ ਕੇ ਹੀ ਸਾਰਥਕ ਆਲੋਚਨਾ ਨੂੰ ਹੋਂਦ ਵਿਚ ਲਿਆ ਸਕਦੇ ਹਨ। ਅੱਡ- ਅੱਡ ਪਹੁੰਚ ਵਿਧੀਆਂ ਤੋਇਆ ਹੀ ਆਲੋਚਕ ਦਾ ਪ੍ਰਯੋਜਨ ਇਹ ਹੋਣਾ ਚਾਹੀਦਾ ਹੈ ਕਿ ਉਹ ਸਾਹਿਤ ਦੇ ਉਤਾਦਮਈ ਕਰਮ

ਉਹ ਰਚਨਾ ਨੂੰ ਧਿਆਨ ਕਰੇ ਅਤੇ ਅਧਿਐਨ ਕਰਨ ਲਈ ਉਹ ਕਿਸੇ ਵੀ ਆਲੋਚਨਾਤਮਕ ਪ੍ਰਣਾਲੀ ਦਾ ਆਸਰਾ ਲੈ ਸਕਦਾ ਹੈ।

ਸੁਰਿੰਦਰ ਸਿੰਘ ਨਰੂਲਾ ਅਨੁਸਾਰ, (13)

"ਅਜਿਹੇ ਸਮਾਜ ਵਿਚ ਜਿੱਥੇ ਆਲੋਚਕ
ਤੇ ਪਾਠਕ ਜਾਗਰੂਕ ਹਨ, ਸੁਚੱਜਾ
ਅਤੇ ਸਨੁੱਖਾ ਸਾਹਿਤ ਪਨਪਦਾ ਹੈ।
ਬਹੁਤੁ ਸਾਰੇ ਸਾਹਿਤਕਾਰ ਆਪਣੇ
ਆਲੋਚਕ ਆਪ ਹੀ ਹੁੰਦੇ ਹਨ ਤੇ
ਸਵੈ ਆਲੋਚਨਾ ਦੁਆਰਾ ਉਹ ਅਜਿਹੀ
ਭੋਇ ਦੀ ਤਿਆਰੀ ਕਰਦੇ ਹਨ ਜਿਥੇ
ਕਿ ਮੌਲਿਕ ਸਾਹਿਤ ਰਚਨਾ ਦਾ ਬੂਟਾ
ਫਲਦਾ ਫੁਲਦਾ ਹੈ।"

ਪੱਖਪਾਤ ਅਤੇ ਪੱਖਪਾਤ ਰਹਿਤ ਆਲੋਚਨਾ

ਕਈ ਸਾਹਿਤਕਾਰ ਮੌਕੇ ਦਾ ਫਾਇਦਾ ਉਠਾ ਕੇ ਕੇਵਲ ਸਵੈ-ਪ੍ਰਸੰਸਾ ਵਿਚ ਹੀ ਮਸਤ ਰਹਿੰਦੇ ਹਨ, ਪਰ ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ ਅਤੇ ਕੁਲਵੰਤ ਸਿੰਘ ਵਿਰਕ ਜਿਹੇ ਸੂਝਵਾਨ ਲੇਖਕਾਂ ਨੇ ਆਪਣੇ ਅੰਦਰ ਇਮਾਨਦਾਰੀ ਨਾਲ ਝਾਤ ਪਾ ਕੇ ਆਪਣੀ ਸਿਰਜਣਾਤਮਕ ਪ੍ਰੀਕਿਰਿਆ ਦਾ ਲਾਭਦਾਇਕ ਅਤੇ ਰਹੱਸਪੂਰਨ ਉਦਘਾਟਨ ਕੀਤਾ ਹੈ।

ਸੋ ਉਪਰੋਕਤ ਵਿਚਾਰ ਚਰਚਾ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਆਲੋਚਨਾ ਦਾ ਸੰਬੰਧ ਸਾਹਿਤ ਨਾਲ ਹੈ, ਕਿਉਂਕਿ ਇਸਨੇ ਸਾਹਿਤਕ ਕ੍ਰਿਤੀਆਂ ਉਪਰ ਆਲੋਚਨਾ ਕਰਨੀ ਹੁੰਦੀ ਹੈ ਅਤੇ ਉਨਾਂ ਦੇ ਗੁਣਾਂ ਦੋਸ਼ਾ ਨੂੰ ਸਾਹਮਣੇ ਲਿਆਉਣਾ ਹੁੰਦਾ ਹੈ। ਆਲੋਚਨਾ ਦਾ ਕੰਮ ਪਾਠਕਾਂ ਨੂੰ ਇਹ ਦੱਸਣਾ ਹੁੰਦਾ ਹੈ ਕਿ ਕੋਈ ਵਿਸ਼ੇਸ਼ ਸਾਹਿਤਕ ਕਿਰਤ ਪੜ੍ਹਨ ਜੋਗ ਹੈ ਜਾਂ ਨਹੀਂ ਅਤੇ ਕੀ ਉਸ ਉਪਰ ਸਮਾਂ ਲਗਾਉਣ ਦਾ ਕੋਈ ਲਾਭ ਹੈ ਜਾਂ ਨਹੀਂ। ਕਿਉਂਕਿ ਸਾਹਿਤਕਾਰ ਦਾ ਸੰਬੰਧ

ਉਸਦੀ ਸਖਸ਼ੀਅਤ ਨਾਲ ਬਹੁਤ ਜਿਆਦਾ ਹੁੰਦਾ ਹੈ!
ਇਸ ਲਈ ਸਮਾਲੋਚਕ ਨੂੰ ਸਮਾਧਾਨ ਕਰਨ ਲਿਖਾਉਣ
ਲਈ ਮਨੋਵਿਗਿਆਨ ਦਾ ਸਹਾਰਾ ਲੈਣਾ ਪੈਂਦਾ ਹੈ।
ਪ੍ਰੋ: ਮੋਹਨ ਵਲਭ ਨੇ ਸਾਹਿਤ ਨੂੰ ਸਾਹਿਤਕਾਰ ਦੇ
ਮਨ ਦੀ ਅਭਿਵਿਅਕਤੀ ਕਿਹਾ ਹੈ!

ਇਸ ਪ੍ਰਕਾਰ ਉਸਦੀ ਹਰੇਕ ਕ੍ਰਿਤੀ ਵਿੱਚ
ਉਸਦੇ ਵਿਅਕਤੀਤਵ ਦਾ ਪ੍ਰਭਾਵ ਵਿਖਾਈ ਦਿੰਦਾ ਹੈ!
ਤੇ ਸਾਹਿਤ ਦਾ ਕੰਮ ਉਸ ਕ੍ਰਿਤੀ ਦੀ ਸਮਾਲੋਚਨਾ
ਕਰਨਾ ਹੈ! ਸਮਾਲੋਚਨਾਂ ਗਿਆਨ ਅਤੇ ਅਨੰਦ ਦੇ
ਪੱਖ ਤੋਂ ਕਲਾ ਦਾ ਹੀ ਇਕ ਅੰਗ ਹੁੰਦਾ ਹੈ!